ਵੱਲੋ

ਕਾਰਜਕਾਰੀ ਇੰਜੀਨੀਅਰ,
ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ,
ਮੋਗਾ ।

ਸੇਵਾ ਵਿਖੇ

ਡੀ.ਐਫ.ਓ.
ਵਣ ਵਿਭਾਗ,
ਫਿਰੋਜਪੁਰ।

ਪੱਤਰ ਨੰਬਰ ਮਿਤੀ

ਵਿਸ਼ਾ ਬਲਾਕ ਨਿਹਾਲ ਸਿੰਘ ਵਾਲਾ ਅਧੀਨ ਵਣ ਵਿਭਾਗ ਅਧੀਨ ਆਉਦੇ ਏਰੀਏ ਲਈ ਇਤਰਾਜਹੀਨਤਾ ਸਰਟੀਫਿਕੇਟ ਜਾਰੀ ਕਰਨ ਸਬੰਧੀ ਬਾਬਤ ਕੰਮ ;- **(SUPPLY SURFACE WATER TO MEET DRINKING WATER NEEDS IN 85 ILLAGES (Tapping Point-17) of MOGA DISTRICT IN PUNJAB STATE. (Under Punjab Rural Water Sanitation Sector Improvement Project)**

ਉਕਤ ਵਿਸ਼ਾ ਅਧੀਨ ਕਾਰਜ ਸਬੰਧੀ ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ ਇਸ ਵਿਭਾਗ ਵੱਲੋ ਪੰਜਾਬ ਰੂਰਲ ਵਾਟਰ ਐਂਡ ਸੈਨੀਟੇਸ਼ਨ ਸੈਕਟਰ ਇੰਪਰੂਵਮੈਂਟ ਪ੍ਰੋਜੈਕਟ (ਵਿਸ਼ਵ ਬੈਂਕ ਸਹਾਇਤਾ ਪ੍ਰਾਪਤ) ਅਧੀਨ ਜਿਲ੍ਹਾ ਮੋਗਾ ਦੇ 85 ਪਿੰਡਾਂ ਨੂੰ ਪਿੰਡ ਦੌਧਰ ਸ਼ਰਕੀ, ਬਲਾਕ ਮੋਗਾ-1 ਵਿਖੇ ਵਾਟਰ ਟਰੀਟਮੈਂਟ ਪਲਾਂਟ ਲਗਾ ਕੇ ਨਹਿਰੀ ਪਾਣੀ ਅਧਾਰਿਤ ਸ਼ੁਧ ਪੀਣ ਵਾਲੇ ਪਾਣੀ ਦੀ ਸਪਲਾਈ ਕੀਤੀ ਜਾਣੀ ਹੈ ।ਇਸ ਪ੍ਰੋਜੈਕਟ ਦਾ ਕੰਮ ਲਾਰਸਨ ਐਂਡ ਟਬਰੋ ਲਿਮਟਿਡ (ਐਲ.ਐਡ.ਟੀ.) ਚਨੇਈ ਫਰਮ ਨੂੰ ਅਲਾਟ ਕੀਤਾ ਗਿਆ ਹੈ । ਇਸ ਪ੍ਰੋਜੈਕਟ ਨੂੰ ਮੁਕੰਮਲ ਕਰਨ ਹਿਤ **ਬਲਾਕ ਨਿਹਾਲ ਸਿੰਘ ਵਾਲਾ** ਦੇ ਏਰੀਏ ਵਿੱਚ ਆਉਦੀਆਂ ਸੜਕਾਂ ਦੇ ਨਾਲ-ਨਾਲ ਪਾਈਪ ਲਾਈਨ ਵਿਛਾਈ ਜਾਣੀ ਹੈ । ਇਸ ਕੰਮ ਦੇ ਐਗਰੀਮੈਂਟ ਦੀਆ ਸ਼ਰਤਾ ਅਨੁਸਾਰ ਕੰਮ ਕਰਨ ਦੌਰਾਨ ਜਿਹੜੀਆ ਸੜਕਾਂ/ ਰਸਤੇ ਪ੍ਰਭਾਵਿਤ ਹੋਣਗੇ, ਉਹਨਾਂ ਦੀ ਵਾਈਡ ਬਰਮ ਦਾ ਕੰਮ ਸਬੰਧਤ ਵਿਭਾਗ ਦੀਆ ਸਪੈਸੀਫਿਕੇਸ਼ਨਾ ਮੁਤਾਬਿਕ ਅਤੇ ਵਿਭਾਗ ਦੇ ਸਬੰਧਿਤ ਕਰਮਚਾਰੀਆਂ/ਅਧਿਕਾਰੀਆਂ ਦੀ ਦੇਖ ਰੇਖ ਹੇਠ ਹਰ ਪੱਖ ਤੋਂ ਪਹਿਲਾ ਵਾਲੀ ਸਥਿਤੀ ਵਿੱਚ ਸਬੰਧਤ ਫਰਮ ਲਾਰਸਨ ਐਂਡ ਟਰਬੋ ਲਿਮਟਿਡ (ਐਲ.ਐਡ.ਟੀ.) ਚਨੇਈ ਵੱਲੋ ਮੁਕੰਮਲ ਕੀਤਾ ਜਾਣਾਂ ਹੈ।

ਸੋ ਬੇਨਤੀ ਹੈ ਕਿ ਉਕਤ ਪ੍ਰੋਜੈਕਟ ਤਹਿਤ ਆਪ ਦੇ ਵਿਭਾਗ ਅਧੀਨ ਆਉਦੇ **ਬਲਾਕ ਨਿਹਾਲ ਸਿੰਘ ਵਾਲਾ** ਦੇ ਏਰੀਏ, ਜਿਨ੍ਹਾਂ ਦੀ ਨਿਸ਼ਾਨਦੇਹੀ ਆਪ ਅਧੀਨ ਆਉਦੇ ਵਣ ਰੇਂਜ ਅਫਸਰ, ਮੋਗਾ ਵੱਲੋ ਨਿਯੁਕਤ ਕੀਤੇ ਗਏ ਕ੍ਰਮਚਾਰੀ/ਅਧਿਕਾਰੀ ਨਾਲ ਇਸ ਵਿਭਾਗ ਦੇ ਕ੍ਰਮਚਾਰੀਆਂ ਵੱਲੋ ਮੌਕੇ ਤੇ ਦੌਰਾ ਕਰਨ ਉਪਰੰਤ ਡਿਟੇਲ ਤਿਆਰ ਕੀਤੀ ਗਈ ਹੈ (ਡਿਟੇਲ ਨੱਥੀ ਹੈ)।ਉਕਤ ਅਨੁਸਾਰ ਆਪ ਦੇ ਵਿਭਾਗ ਆਉਦੇ ਏਰੀਏ ਵਿੱਚ ਪਾਈਪ ਲਾਈਨ ਦੇ ਨੈਟ ਵਰਕ ਨੂੰ ਵਿਛਾਉਣ ਹਿਤ ਆਪ ਜੀ ਦੇ ਵਿਭਾਗ ਪਾਸੋ ਇਤਰਾਜਹੀਨਤਾ ਸਰਟੀਫਿਕੇਟ ਦੀ ਜਰੂਰਤ ਹੈ । ਸੋ ਇਹ ਇਤਰਾਜ਼ਹੀਨਤਾ ਸਰਟੀਫਿਕੇਟ ਇੱਕ ਹਫਤੇ ਦੇ ਅੰਦਰ ਇਸ ਦਫਤਰ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ ਜੀ । ਜੇਕਰ ਮਿਥੇ ਸਮੇ ਤੱਕ ਆਪ ਜੀ ਦੇ ਦਫਤਰ ਵੱਲੋ ਇਤਰਾਜ਼ ਹੀਣਤਾ ਸਰਟੀਫਿਕੇਟ ਪ੍ਰਾਪਤ ਨਹੀ ਹੁੰਦਾਂ ਤਾਂ ਸਮਝ ਲਿਆ ਜਾਵੇਗਾ ਕਿ ਉਕਤ 85 ਪਿੰਡਾਂ ਵਿੱਚ ਨੱਥੀ ਡਿਟੇਲ ਅਨੁਸਾਰ ਪਾਈਪ ਨੈਟ ਵਰਕ ਵਿਛਾਉਣ ਵਿੱਚ ਆਪ ਦੇ ਵਿਭਾਗ ਨੂੰ ਕੋਈ ਇਤਰਾਜ਼ ਨਹੀ ਹੈ ਜੀ ।

ਨੱਥੀ/ਡਿਟੇਲ

Sd/-
ਕਾਰਜਕਾਰੀ ਇੰਜੀਨੀਅਰ,
ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ,
ਮੋਗਾ ।

ਪਿਠ ਅੰਕਣ ਨੰਬਰ 6353-58 ਮਿਤੀ 11-08-17

ਉਪਰੋਕਤ ਦੀ ਨਕਲ ਹੇਠ ਦਰਜ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿਤ ਭੇਜੀ ਜਾਂਦੀ ਹੈ ਜੀ

1 ਨਿਗਰਾਨ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਹਲਕਾ, ਫਰੀਦਕੋਟ ।
2 ਵਣ ਰੇਂਜ ਅਫਸਰ, ਮੋਗਾ,।
3 ਵਣ ਰੇਂਜ ਅਫਸਰ, ਫਰੀਦਕੋਟ ।
4 ਮੈਸਰਜ਼ ਐਲ.ਐਂਡ ਟੀ. ਲਿਮਿਟਡ, ਚੇਨੰਈ ਨੂੰ ਉਨ੍ਹਾਂ ਦੇ ਪੱਤਰ ਨੰ LTCD/WET/CHCO/WSD/MWSS/2016-17/CLIENT/050 dated 31st July, 2017 ਦੇ ਸਬੰਧ ਵਿੱਚ ਸੂਚਨਾਂ ਹਿਤ ਭੇਜੀ ਜਾਂਦੀ ਹੈ ।
5 ਉਪ ਮੰਡਲ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਉਪ ਮੰਡਲ ਨਿਹਾਲ ਸਿੰਘ ਵਾਲਾ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਦਫਤਰ ਨਾਲ ਨਿਜੀ ਪੱਧਰ ਤੇ ਤਾਲਮੇਲ ਕਰਕੇ ਉਕਤ ਸਬੰਧੀ ਇਤਰਾਜਹੀਨਤਾ ਸਰਟੀਫਿਕੇਟ ਪ੍ਰਾਪਤ ਕੀਤਾ ਜਾਵੇ ।

ਕਾਰਜਕਾਰੀ ਇੰਜੀਨੀਅਰ,
ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ,
ਮੋਗਾ